# ਨੀਤੀ ਪ੍ਰਕਾਸ਼

G. 163



ਰਚਿਤ ਭਾਈ ਦਿਤ ਸਿੰਘ ਜੀ ਗਿਆਨੀ

ਬਿਨਾ ਆਗਜ਼ਾ ਕੋਈ ਨ ਛਾਪੇ

੧ ੳ ਸਤਿਗੁਰਪ੍ਰਸਾਦਿ ॥

ਸ੍ਰੀ ਮਾਨ ਪੰਥ ਹਿਤੈਸ਼ੀ ਗੁਰਪੁਰ ਨਿਵਾਸੀ

ਭਾਈ ਦਿੱਤ ਸਿੰਘ ਜੀ ਗਯਾਨੀ ਰਚਿਤ

# ਨੀਤੀ ਪ੍ਰਕਾਸ਼

ਜਿਸਨੂੰ

**ਮੈਸਰਜ਼ ਤਾਰਾ ਸਿੰਘ ਕਿਸ਼ਨ ਸਿੰਘ,**

**ਮਾਲਿਕ ਦਿਤ ਹਰੀ ਬੁਕ ਡਿਪੋ,**

ਬਾਜਾਰ ਮਾਈ ਸੇਵਾਂ ਅੰਮ੍ਰਿਤਸਰ ਨੇ ਛਪਵਾਕੇ

ਪ੍ਰਕਾਸ਼ਤ ਕੀਤਾ

"ਪੰਥਕ ਪ੍ਰੇਸ" ਅੰਮ੍ਰਿਤਸਰ ਵਿਚ ਸ੍ਰ: ਖੁਸ਼ਹਾਲ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ ॥

ਕਾਪੀ ੨੦੦੦ { ਫਰਵਰੀ ੧੯੩੨ } ਮੋਖ ॥—)

920.29
18296

## ਸ੍ਰੀ ਮਾਨ ਪੰਥ ਰਤਨ ਗੁਰਪੁਰ ਨਿਵਾਸੀ

# ਭਾਈ ਦਿਤ ਸਿੰਘ ਜੀ ਗਿਯਾਨੀ

ਸੁਤੀ ਕੌਮ ਨੂੰ ਜਗਾਨ ਵਾਲੇ, ਖਾਲਸਾ ਕੌਮ ਦੇ ਚਮਕਦੇ ਸਤਾਰੇ, ਸ੍ਰੀ ਮਾਨ ਪੰਥ ਹਿਤੈਸ਼ੀ ਗੁਰਪੁਰ ਨਿਵਾਸੀ **ਭਾਈ ਦਿਤ ਸਿੰਘ ਜੀ ਗਿਯਾਨੀ** ਬਾਬਤ ਜੇ ਅਜ ਇਹ ਚਾ ਆਖੀਏ ਕਿ ਇਹ ਮਹਾਤਮਾਂ ਸ੍ਰੀ ਭਾਈ ਗੁਰਦਾਸ ਜੀ ਮਹਾਰਾਜ ਤੋਂ ਪਿਛੋਂ ਸਿਖ ਧਰਮ ਨੂੰ ਅਪਨੀ ਲੇਖਨੀ ਤੇ ਉਪਦੇਸ਼ਾਂ ਦ੍ਵਾਰੇ ਉਜਾਗਰ ਕਰਨ ਵਾਲੇ ਚੋਟੀ ਦੇ ਵਿਦਵਾਨਾਂ ਵਿਚੋਂ ਇਕ ਸਨ ਤਾਂ ਕੋਈ ਅਯੋਗ ਗਲ ਨਹੀਂ ਹੋਵੇਗੀ॥ ਇਨਾਂ ਦੀ ਲੇਖਨੀ ਤੇ ਰਸਨਾ ਵਿੱਚ ਐਡੀ ਭਾਰੀ ਸ਼ਕਤੀ ਸੀ, ਜੋ ਉਸ ਵੇਲੇ ਦੇ ਵਡੇ ੨ ਦੰਭੀ ਤੇ ਫਰਜੀ ਮਹਾਤਮਾਂ ਇਨਾਂ ਦੇ ਸਾਹਮਣੇ ਦਮ ਕਹੀਂ ਸਨ ਮਾਰ ਸਕਦੇ, ਤੇ ਇਨਾਂ ਦੀ ਵਿਦਯਾ ਦੇ ਪ੍ਰਕਾਸ਼ ਦਾ ਇਹ ਹਾਲ ਸੀ ਕਿ ਆਰਯਾਂ ਦੇ ਨੇਤਾਂ ਸਾਧੂ ਸ੍ਵਾਮੀ ਦਯਾ ਨੰਦ ਜੀ ਵਰਗੇ ਵੇਦ ਪਾਠੀ ਪੰਡਤਾਂ ਦੇ ਪੈਰ ਉਖੱੜ ਚੁਕੇ ਸੱਨ, ਭਾਈ ਸਾਹਿਬ ਦੀਆਂ ਰਚਿਤ ਪੁਸਤਕਾਂ ਵਿਚੋਂ ਜੇਕਰ "ਰਾਜ ਪ੍ਰਬੋਧ ਨਾਟਿਕ" **ਦੰਭ ਵਿਦਾਰਨ** ਤੇ **ਨੀਤੀ ਪ੍ਰਕਾਸ਼** ਨੂੰ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਜਿਥੇ ਭਾਈ ਜੀ ਇਕ ਬਨੇ ਸਾਡੇ ਧਰਮ ਪ੍ਰਚਾਰਕ ਸਨ ਉਥੇ ਦੂਜੇ ਪਾਸੇ ਇਹ ਪੱਕੇ ਨੀਤੀ ਨਪੁਨ ਦੇਸ਼ ਭਗਤ ਆਗੂ ਭੀ ਸੱਨ। ਅਸੀਂ ਹੁਨ ਤਕ ਅਪਨੇ ਤੇ ਗੈਰ ਕੌਮਾਂ ਦੇ ਪਰਾਣੇ ਉਗਾ ੨ ਬਜ਼ੁਰਗਾਂ ਪਾਸੋਂ ਇਹ ਗਲ ਵੱਡੇ ਮਾਣ ਨਾਲ ਸੁਣਦੇ ਆਏ ਹਾਂ ਕਿ ਜਨੀ ਅਭੋਮਾਨ ਵਿਚ ਡੁਬੀ ਖਾਲਸਾ ਕੌਮ ਨੇ ਭੀ ਭਾਈ ਦਿਤ ਸਿੰਘ ਜੀ ਵਰਗੇ ਚੋਟੀ ਦੇ ਵਿਦ੍ਵਾਨ ਨੇਤਾਂ ਦੀ ਕੋਈ ਕਦਰ ਨਹੀਂ ਜਾਤੀ, ਅਜ ਕੌਮ ਵਿੱਚ ਉਨਾਂ ਦਾ ਕੋਈ ਨਾਮ ਤਕ ਨਹੀਂ ਲੈਂਦਾ, ਹਾਲਾਂ ਕਿ ਦੂਜੇ ਬਨੇ ਭਾਈ ਸਾਹਿਬ ਤੋਂ ਹਾਰ ਖਾ ਨਠੇ ਸਾਧੂ ਦਯਾ ਨੰਦ ਜੀ ਦੇ ਸ਼ਰਧਾਲੂ ਭਾਈ ਉਨਾਂ ਦੀ ਰਚਿਤ ਧਰਮ ਪੁਸਤਕ **ਸਤਿ ਅਰਥ** ਪ੍ਰਕਾਸ਼ ਨੂੰ ਦੇਸ ਦਿਸਾਤ੍ਰਾਂ ਦੀਆ ਭਾਂਤ ੨ ਦੀਆਂ ਜ਼ਬਾਨਾਂ ਵਿਚ ਉਜਾਗਰ ਕਰ ਰਹੇ ਹਨ, ਤੇ ਅਸੀਂ ਅਜ ਭਾਈ ਸਾਹਿਬ ਦੇ ਰਚੇ ਵੱਡ-ਮੁਲੇ ਪੁਸਤਕਾਂ ਨੂੰ ਪੁਰਾਨੀ ਚੀਜ਼ ਆਖਕੇ ਪਰੇ ਸੁਟ ਬੈਠੇ ਹਾਂ। ਖਾਲਸਾ ਜੀ ! ਇਸ ਬੇਕਦਰੀ ਦੇ ਕਲੰਕ ਤੋਂ ਬਚਨ ਲਈ **ਸਜਨ ਜਨਾਂ ਦੀ** ਪਰੇਰਨਾ ਨਾਲ ਭਾਈ ਤਾਰਾ ਸਿੰਘ ਕਿਸ਼ਨ ਸਿੰਘ ਹੋਰਾਂ ਨੇ ਬਹੁਤ ਸਾਰਾ ਧਨ ਖਰਚਕੇ ਸੀ ਮਾਨ ਗੁਰਪੁਰ ਨਵਾਸੀ ਭਾਈ ਸਾਹਿਬ ਦੇ ਕੁਲ ਖਿਆਲਾਤ ਨੂੰ ੨੦ ਪੁਸਤਕਾਂ ਦੀ ਸ਼ਕਲ ਵਿੱਚ ਉਹਨਾਂ ਦੀ ਸੋਹਨੀ ਤੇ ਪਕੀ ਯਾਦਗਾਰ ਹਰ ਸਿਖ ਘ੍ਰਾਨੇ ਵਿਚ ਕਾਇਮ ਕਰਨ ਦਾ ਪੂਰੇ ਜ਼ੋਰ ਨਾਲ ਬੀੜਾ ਉਠਾ ਲੀਤੀ ਹੈ।

੨੦-੩੦/੧੬ ਸਾਈਜ ਦੀਆਂ ਪੁਸਤਕਾਂ ੨੨ਪੌਂਡ ਦੇ ਡੁਮੇਈ ਵਧੀਆ ਕਾਗਜ਼ ਤੇ ਤਸਵੀਰਦਾਰ ਟਾਈਟਲਾਂ ਵਾਲੀਆਂ ਛਪਨੀਆਂ ਸ਼ੁਰੂ ਹੋ ਗਈਆਂ ਹਨ, ਜਿਨਾਂ ਵਿਚੋਂ ਇਕ ਇਹ **ਨੀਤੀ ਪ੍ਰਕਾਸ਼** ਸਾਡੀ ਦ੍ਰਿਸ਼ਟੀ ਗੋਚਰਹੈ, ਸਾਨੂੰ ਦਸਿਆ ਗਿਆ ਹੈ ਕਿ ਬਾਕੀ ਸਾਰੀਆਂ ਪੁਸਤਕਾਂ ਨੰਬਰ ਵਾਰ ਜਿਨਾਂ ਦਾ ਵੇਰਵਾ ਇਸ ਪੁਸਤਕ ਦੇ ਅਖੀਰ ਵਿਚ ਹੈ, ਇਸੀ ਸਾਲ ੧੯੩੨ ਦੇ ਅੰਦਰ ੨ ਛਪਕੇ ਤਿਯਾਰ ਹੋ ਜਾਨਗੀਆਂ, ਤੇ